# ਵਰਲਡ ਪੰਜਾਬੀ ਟਾਈਮਜ਼
# WORLD PUNJABI TIMES
A Punjabi News Protal & Epaper From Winnipeg, Canada
Visit us at : www.worldpunjabitimes.com
Mob: 7973333573, +1 (418) 887-0162, +1 (431) 458-6922
ਮੁੱਖ ਸੰਪਾਦਕ : ਡਾ. ਸੁਰਜੀਤ ਸਿੰਘ   ਸਹਿ ਸੰਪਾਦਕ: ਨਵਜੋਤ ਬਿਲਿੰਗ   ਬਿਊਰੋ ਚੀਫ ਕੈਨੇਡਾ : ਅਮਰਜੀਤ ਸਿੰਘ ਬਾਵਾ   ਬਿਊਰੋ ਚੀਫ ਭਾਰਤ : ਗਗਨਦੀਪ ਗਿੱਲ




## ਬਾਬਾ ਫ਼ਰੀਦ ਜੀ ਦੇ ਆਗਮਨ ਪੁਰਬ ਮੌਕੇ ਬਾਬਾ ਫ਼ਰੀਦ ਬਲੱਡ ਸੇਵਾ ਸੋਸਾਇਟੀ ਨੇ 1120 ਬਲੱਡ ਯੂਨਿਟ ਇਕੱਤਰ ਕੀਤੀ :- ਰਾਜਵੀਰ ਸਿੰਘ ਗੋਲੇਵਾਲਾ

ਵਰਲਡ ਪੰਜਾਬੀ ਟਾਈਮਜ਼
ਸ਼ਿਵਨਾਥ





ਫ਼ਰੀਦਕੋਟ 26 ਸਤੰਬਰ : ਬਾਬਾ ਫ਼ਰੀਦ ਜੀ ਦੇ ਆਗਮਨ ਪੁਰਬ ਮੌਕੇ ਹਰ ਸਾਲ ਦੀ ਤਰਾਂ , ਇਸ ਸਾਲ ਵੀ ਬਾਬਾ ਫ਼ਰੀਦ ਜੀ ਬਲੱਡ ਸੇਵਾ ਸੋਸਾਇਟੀ (ਰਜਿ) ਵੱਲੋਂ ਕਿਲ੍ਹਾ ਮੁਬਾਰਕ ਗੇਟ ਦੇ ਸਾਹਮਣੇ 17 ਤੋਂ 24 ਸਤੰਬਰ ਤੱਕ ਵਿਸ਼ਾਲ ਖੂਨਦਾਨ ਕੈਂਪ ਲਗਾਇਆ ਗਿਆ। ਕੈਂਪ ਦਾ ਉਦਘਾਟਨ ਡਿਪਟੀ ਕਮਿਸ਼ਨਰ ਸ੍ਰੀ ਰਾਹੁਲ ਚਾਬਾ ਜੀ ਆਈ.ਏ.ਐਸ ਵੱਲੋਂ ਕੀਤਾ ਗਿਆ।

ਪ੍ਰੈਸ ਨਾਲ ਗੱਲਬਾਤ ਦੌਰਾਨ ਸੁਸਾਇਟੀ ਦੇ ਪ੍ਰਧਾਨ ਰਾਜਵੀਰ ਸਿੰਘ ਬਰਾੜ ਨੇ ਦੱਸਿਆ ਕਿ ਇਸ ਖੂਨਦਾਨ ਕੈਂਪ ਵਿੱਚ ਛੋਟੀ ਉਮਰ ਤੋਂ ਲੈ ਕੇ ਵੱਡੀ ਉਮਰ ਤੱਕ ਦੇ ਲੋਕਾਂ ਨੇ ਵੱਡੀ ਗਿਣਤੀ ਵਿੱਚ ਲੋਕਾਂ ਦਾ ਉਤਸ਼ਾਹ ਦੇਖਣ ਨੂੰ ਮਿਲਿਆ ਤੇ ਓਨਾਂ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ।

ਉਨ੍ਹਾਂ ਦੱਸਿਆ ਕਿ ਕੈਂਪ ਦੌਰਾਨ ਵੱਖ-ਵੱਖ ਉੱਘੀਆਂ ਸੰਸਥਾਵਾਂ ਨੇ ਵੀ ਆਪਣਾ ਸਹਿਯੋਗ ਦਿੱਤਾ ਤੇ ਬਾਬਾ ਫ਼ਰੀਦ ਜੀ ਦੇ ਆਗਮਨ ਪੁਰਬ ਤੇ 1120 ਬਲੱਡ ਯੂਨਿਟ ਇਕੱਤਰ ਕੀਤੇ ਗਏ।

ਵੱਖ-ਵੱਖ ਸ਼ਹਿਰਾਂ ਤੋਂ ਆਈਆਂ ਬਲੱਡ ਬੈਂਕਾਂ ਦੀਆਂ ਟੀਮਾਂ ਵੱਲੋਂ ਬਲੱਡ ਯੂਨਿਟ ਇਕੱਤਰ ਕਰ ਲੋੜਵੰਦ ਲੋਕਾਂ ਤੱਕ ਪਹੁੰਚਾਉਣ ਸਹਿਯੋਗ ਕੀਤਾ ਗਿਆ।। ਖੂਨਦਾਨੀਆਂ ਵੱਲੋਂ ਕੀਤੀ ਗਈ ਇਸ ਮਹਾਨ ਸੇਵਾ ਲਈ ਕੈਂਪ ਦੇ ਮੈਂਬਰਾਂ ਵੱਲੋਂ , ਉਨ੍ਹਾਂ ਨੂੰ ਸਨਮਾਨ ਚਿੰਨ੍ਹ ਅਤੇ ਸਰਟੀਫਿਕੇਟ ਭੇਟ ਕਰਕੇ ਸਨਮਾਨਿਤ ਕੀਤਾ ਗਿਆ।

ਇਸ ਕੈਂਪ ਨੂੰ ਸਫ਼ਲ ਬਣਾਉਣ ਲਈ ਪ੍ਰਬੰਧਕ ਕਮੇਟੀ ਬਾਬਾ ਫ਼ਰੀਦ ਧਾਰਮਿਕ ਤੇ ਵਿਦਿਅਕ ਸੰਸਥਾਵਾਂ ਫ਼ਰੀਦਕੋਟ ਵੱਲੋਂ ਵਿਸ਼ੇਸ਼ ਸਹਿਯੋਗ ਦਿੱਤਾ ਗਿਆ।

ਕੈਂਪ ਦੀ ਸਮਾਪਤੀ ਮੌਕੇ ਸ. ਗੁਰਦਿਤ ਸਿੰਘ ਸੇਖੋਂ ਹਲਕਾ ਵਿਧਾਇਕ ਫ਼ਰੀਦਕੋਟ ਤੋ ਇਲਾਵਾ ਸਹਿਰ ਦੇ ਪਤਵੰਤੇ ਸੱਜਣ , ਰਾਜਨੀਤਕ ਲੀਡਰਸ਼ਿਪ ਤੇ ਸਮਾਜਸੇਵੀ ਸੰਸਥਾਵਾਂ ਦੇ ਨੁਮਾਇੰਦੇ ਵਿਸੇਸ਼ ਤੌਰ ਪਹੁੰਚੇ। ਬਾਬਾ ਫ਼ਰੀਦ ਜੀ ਬਲੱਡ ਸੇਵਾ ਸੋਸਾਇਟੀ (ਰਜਿ) ਫ਼ਰੀਦਕੋਟ ਦੇ ਪ੍ਰਧਾਨ ਰਾਜਵੀਰ ਸਿੰਘ ਬਰਾੜ, ਸਕੱਤਰ ਸੁਖਵੀਰ ਸਿੰਘ ਸੇਖੋਂ, ਗੁਰਦੇਵ ਸਿੰਘ ਮੀਤ ਪ੍ਰਧਾਨ, ਸਾਬਕਾ ਪ੍ਰਿੰਸਪੀਲ ਡਾ ਪਰਮਿੰਦਰ ਸਿੰਘ, ਸਮਾਜਸੇਵੀ ਅਸੋਕ ਭਟਨਾਗਰ, ਸਮਾਜਸੇਵੀ ਡਾਂ ਬਲਜੀਤ ਸਰਮਾਂ, ਪ੍ਰੈਸ ਸਕੱਤਰ ਸ਼ਿਵਨਾਥ ਦਰਦੀ , ਅਮੀਦ ਖ਼ਾਨ, ਡਾ. ਦਲਜੀਤ ਸਿੰਘ ਬਰਾੜ, ਅਰਸ਼ਦੀਪ ਸਿੰਘ ਮਾਟੀ , ਗੁਰਪ੍ਰੀਤ ਸਿੰਘ ਚੋਪੜਾ , ਗੁਰਦੌਰ ਸਿੰਘ ਰੁਮਾਣਾ , ਸਵਰਾਜ ਸਿੰਘ ਬਰਾੜ, ਦਵਿੰਦਰ ਸਿੰਘ ਮੰਡ, ਗੁਰਚਰਨ ਸਿੰਘ, ਹਰਪ੍ਰੀਤ ਸਿੰਘ, ਅਪਾਰਸ ਪ੍ਰੀਤ ਸਿੰਘ, ਬਲਵਿੰਦਰ ਸਿੰਘ ਪਾਨਾ , ਜੈਪੀਪ ਸਿੰਘ, ਸੈਂਟੀ ਕਪੂਰ, ਨਿਸ਼ਾਂ ਕੌਰ, ਸ਼ਗਨ ਕੌਰ, ਮਿਲਨਪਰੀਤ ਸਿੰਘ, ਹਰਜੀਤ ਸਿੰਘ, ਦਲਜੀਤ ਸਿੰਘ, ਜੱਸੀ , ਗੁਰਦਿੱਤਾ ਸਿੰਘ ਬਿੱਲਾ , ਅਰਸ਼ਦੀਪ ਸਿੰਘ, ਗੁਰਸੇਵਕ ਸਿੰਘ, ਹਰਗੁਣ, ਸਤਨਾਮ ਸਿੰਘ, ਸਾਈਮਨ ਅਟਵਾਲ, ਅਤੇ ਹੋਰ ਮੈਂਬਰਾਂ ਨੇ ਖੁਦ ਖੂਨਦਾਨ ਕਰਕੇ ਇਸ ਮਹਾਨ ਸੇਵਾ ਵਿੱਚ ਆਪਣਾ ਯੋਗਦਾਨ ਪਾਇਆ। ਖਜ਼ਾਨਚੀ ਸ.ਸਤਨਾਮ ਸਿੰਘ ਮੰਗੇੜਾ ਵੱਲੋਂ ਆਈਆਂ ਹੋਈਆਂ ਸੰਗਤਾਂ , ਪੱਤਰਕਾਰਾਂ , ਸਮਾਜਸੇਵੀਆਂ ਤੇ ਸਹਿਯੋਗੀ ਸੱਜਣਾ ਤੇ ਪੂਰੀ ਟੀਮ ਦਾ ਦਿਲੋਂ ਧੰਨਵਾਦ ਕੀਤਾ ਅਤੇ ਕਿਹਾ ਖੂਨਦਾਨ—ਮਹਾਨ ਦਾਨ, ਕਿਸੇ ਦੀ ਜ਼ਿੰਦਗੀ ਬਚਾਉਣ ਦਾ ਮੌਕਾ ਨਾ ਗਵਾਓ।

## ਆਗਮਨ ਪੁਰਬ ਦੌਰਾਨ ਮੰਚ ਸੰਚਾਲਕ ਜਸਬੀਰ ਸਿੰਘ ਜੱਸੀ ਸਨਮਾਨਿਤ

ਵਰਲਡ ਪੰਜਾਬੀ ਟਾਈਮਜ਼
ਟਿੰਕੂ ਕੁਮਾਰ

ਕੋਟਕਪੂਰਾ, 26 ਸਤੰਬਰ : ਮਹਾਨ ਸੂਫ਼ੀ ਸੰਤ ਬਾਬਾ ਸ਼ੇਖ਼ ਫ਼ਰੀਦ ਆਗਮਨ ਪੁਰਬ-2026 ਦੇ ਸ਼ੁੱਭ ਮੌਕੇ ’ਤੇ ਜ਼ਿਲ੍ਹਾ ਪ੍ਰਸ਼ਾਸ਼ਨ ਫ਼ਰੀਦਕੋਟ ਵੱਲੋਂ ਕੀਤੇ ਗਏ ਸਮਾਗਮਾਂ ਵਿੱਚ ਮੰਚ ਸੰਚਾਲਕ ਦੀ ਜ਼ਿੰਮੇਵਾਰੀ ਨਿਭਾਉਂਦਿਆਂ ਜਸਬੀਰ ਸਿੰਘ ਜੱਸੀ ਨੇ ਜਿੱਥੇ ਆਪਣੇ ਨਿਵੇਕਲੇ ਅੰਦਾਜ਼ ਵਿੱਚ ਸ਼ੇਅਰੋ-ਸ਼ਾਇਰੀ ਨਾਲ ਮੇਲੇ ਦੇ ਚਾਰੇ ਦਿਨ ਖੂਬ ਰੰਗ ਬੰਨਿਆ। ਉਨ੍ਹਾਂ ਮੇਲੇ ਦੌਰਾਨ ਸਮਾਜਿਕ ਕੁਰੀਤੀਆਂ ਦਾ ਖਾਤਮਾ ਕਰਕੇ ਰੰਗਲੇ ਪੰਜਾਬ ਦੀ ਸਿਰਜਣਾ ਲਈ ਵੀ ਸਾਰਥਿਕ ਸਨ੍ਹੇਹੇ ਦਿੱਤੇ। ਮੇਲੇ ਦੇ ਅੰਤਿਮ ਦਿਨ ਹਲਕੇ ਦੇ ਵਿਧਾਇਕ ਗੁਰਦਿੱਤ ਸਿੰਘ



ਸੇਖੋਂ, ਡਿਪਟੀ ਕਮਿਸ਼ਨਰ ਫ਼ਰੀਦਕੋਟ ਰਾਹੁਲ ਚਾਬਾ, ਗੁਰਬੰਸ ਸਿੰਘ ਬੈਂਸ ਐੱਸ.ਐੱਸ.ਪੀ. ਫ਼ਰੀਦਕੋਟ, ਕੇਸ਼ਵ ਗੋਇਲ ਏ.ਡੀ.ਸੀ (ਜਨਰਲ), ਇਨਫ਼ਰਮੇਸ਼ਰ ਕਮਿਸ਼ਨਰ ਪੰਜਾਬ ਸੰਦੀਪ ਸਿੰਘ ਧਾਲੀਵਾਲ, ਚੇਅਰਮੈਨ ਜ਼ਿਲ੍ਹਾ ਯੋਜਨਾ ਬੋਰਡ ਫ਼ਰੀਦਕੋਟ ਗੁਰਤੇਜ ਸਿੰਘ ਖੋਸਾ, ਐਡਵੋਕੇਟ ਬੀਰਇੰਦਰ ਸਿੰਘ ਸੰਧਵਾਂ ਸਮੇਤ ਹਾਜ਼ਰ ਅਧਿਕਾਰੀਆਂ ਨੇ ਮਿਲ ਕੇ ਜਸਬੀਰ ਸਿੰਘ ਜੱਸੀ ਨੂੰ ਸਨਮਾਨਿਤ ਕੀਤਾ। ਇੱਥੇ ਜ਼ਿਕਰਯੋਗ ਹੈ ਜਸਬੀਰ ਸਿੰਘ ਜੱਸੀ, ਜਿੱਥੇ ਸਿੱਖਿਆ ਵਿਭਾਗ ਅੰਦਰ ਜ਼ਿਲਾ ਗਾਈਡੈਂਸ ਕਾਊਂਸਲਰ ਵਜੋਂ ਸ਼ਾਨਦਾਰ ਸੇਵਾਵਾਂ ਨਿਭਾ ਰਹੇ ਹਨ, ਉੱਥੇ ਸਮਾਜਸੇਵੀ ਸੰਸਥਾਵਾਂ ਵਿੱਚ ਵੀ ਉਹ ਹਮੇਸ਼ਾ ਸਰਗਰਮੀ ਨਾਲ ਮਾਨਵਤਾ ਭਲਾਈ ਕਾਰਜ ਕਰਦੇ ਹਨ ਅਤੇ ਬਤੌਰ ਅਦਾਕਾਰ ਵੀ ਗੂੜੀ ਪਹਿਚਾਣ ਰੱਖਦੇ ਹਨ।

## ‘ਦਾਦੇ ਦੀ ਪੈਲ਼ੀ’ ਰਾਹੀਂ ਵਿਰਾਸਤੀ ਜ਼ਮੀਨ ਦਾ ਦਰਦ ਬਿਆਨ ਕਰਦਾ ਹਰਿੰਦਰ ਹਰ ਦਾ ਨਵਾਂ ਗੀਤ ਰਲੀਜ਼

ਵਰਲਡ ਪੰਜਾਬੀ ਟਾਈਮਜ਼



ਮੋਹਾਲੀ, 26 ਸਤੰਬਰ : ਪੰਜਾਬੀ ਵਿਰਸੇ ਅਤੇ ਸੱਭਿਆਚਾਰ ਨਾਲ ਜੁੜੇ ਗਾਇਕ ਹਰਿੰਦਰ ਹਰ ਦਾ ਨਵਾਂ ਗੀਤ ‘ਦਾਦੇ ਦੀ ਪੈਲ਼ੀ’ ਅੱਜ ਮੋਹਾਲੀ ਪ੍ਰੈੱਸ ਕਲੱਬ ਵਿਖੇ ਕਰਵਾਈ ਗਈ ਪ੍ਰੈੱਸ ਕਾਨਫਰੰਸ ਦੌਰਾਨ ਰਿਲੀਜ਼ ਕੀਤਾ ਗਿਆ। ਇਸ ਮੌਕੇ ਕਰਨਲ ਜਸਦੀਪ ਸਿੰਘ ਸੰਧੂ, ਅਡਵਾਈਜ਼ਰ, ਸਿਵਲ ਮਿਲਟਰੀ ਅਫੇਅਰ, ਵੈਸਟਰਨ ਕਮਾਂਡ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ।

‘ਦਾਦੇ ਦੀ ਪੈਲ਼ੀ’ ਵਿੱਚ ਪੰਜਾਬ ਦੀ ਮਿੱਟੀ, ਪੁਰਖਿਆਂ ਦੀ ਵਿਰਾਸਤੀ ਜ਼ਮੀਨ ਅਤੇ ਪੇਂਡੂ ਜੀਵਨ ਨਾਲ ਜੁੜੇ ਜਜ਼ਬਾਤ ਨੂੰ ਉਭਾਰਿਆ ਗਿਆ ਹੈ। ਗੀਤ ਰਾਹੀਂ ਅੱਜ ਦੀ ਨੌਜਵਾਨ ਪੀੜ੍ਹੀ ਦੇ ਸ਼ਹਿਰੀ ਚਕਾਚੌਂਧ ਅਤੇ ਵਿਦੇਸ਼ਾਂ ਵੱਲ ਪਰਵਾਸ ਦੇ ਰੁਝਾਨ ਕਾਰਨ ਪੁਰਖਿਆਂ ਦੀ ਮਿਹਨਤ ਨਾਲ ਬਣਾਈ ਜ਼ਮੀਨ ਵੇਚਣ ਦੇ ਦਰਦ ਨੂੰ ਪੇਸ਼ ਕੀਤਾ ਗਿਆ ਹੈ। ਹਰਿੰਦਰ ਹਰ ਇਸ ਤੋਂ ਪਹਿਲਾਂ ਵੀ ਪੰਜਾਬੀ ਵਿਰਸੇ, ਸੱਭਿਆਚਾਰ ਅਤੇ ਧਾਰਮਿਕ ਭਾਵਨਾਵਾਂ ਨਾਲ ਸਬੰਧਤ ਕਈ ਗੀਤ ਸਰੋਤਿਆਂ ਦੀ ਝੋਲੀ ਪਾ ਚੁੱਕੇ ਹਨ। ਹਰਿੰਦਰ ਹਰ ਨੇ ਲੱਚਰਪੁਣੇ ਦੀ ਬਜਾਇ ਹਮੇਸ਼ਾਂ ਪੰਜਾਬੀ ਵਿਰਸੇ ਨਾਲ ਜੁੜੀ ਸਾਫ਼ ਸੁਥਰੀ ਗਾਇਕੀ ਨੂੰ ਤਰਜੀਹ ਦਿੱਤੀ ਹੈ

ਇਸ ਮੌਕੇ ਕਰਨਲ ਜਸਦੀਪ ਸਿੰਘ ਸੰਧੂ ਨੇ ਕਿਹਾ ਕਿ ਵਿਰਾਸਤੀ ਜ਼ਮੀਨ ਨੂੰ ਸੰਭਾਲਣਾ ਸਾਡੀ ਜ਼ਿੰਮੇਵਾਰੀ ਹੈ। ਉਨ੍ਹਾਂ ਨੌਜਵਾਨਾਂ ਨੂੰ ਵਿਦੇਸ਼ਾਂ ਵੱਲ ਪਰਵਾਸ ਕਰਨ ਦੀ ਬਜਾਇ ਦੇਸ਼ ਵਿੱਚ ਰਹਿ ਕੇ ਖੇਤੀਬਾੜੀ ਨੂੰ ਕਿੱਤੇ ਵਜੋਂ ਅਪਣਾਉਣ ਅਤੇ ਦੂਜਿਆਂ ਲਈ ਰੁਜ਼ਗਾਰ ਦੇ ਮੌਕੇ ਪੈਦਾ ਕਰਨ ਦੀ ਅਪੀਲ ਕੀਤੀ।

ਡਾਇਰੈਕਟਰ ਗੁਰਵਿੰਦਰ ਬੈਦਵਾਨ ਦੀ ਰਹਿਨੁਮਾਈ ਹੇਠ ਤਿਆਰ ਕੀਤੇ ਗੀਤ ਦੇ ਬੋਲ ਦੇਵ ਨੇ ਲਿਖੇ ਹਨ, ਜਦਕਿ ਸੰਗੀਤ ਜੀ ਸੋਨੂੰ ਨੇ ਦਿੱਤਾ ਹੈ। ਇਸ ਦੀ ਵੀਡੀਓਗ੍ਰਾਫੀ ਕੁਲਜੀਤ ਸ਼ੇਰਗਿੱਲ ਨੇ ਕੀਤੀ। ਗੀਤ ਦਾ ਨਿਰਮਾਣ ਤੇ ਲੇਬਲ ਹਰਿੰਦਰ ਹਰ ਮਿਊਜ਼ਿਕ ਅਧੀਨ ਕੀਤਾ ਗਿਆ ਹੈ। ਇਸ ਮੌਕੇ ਅਦਾਕਾਰਾ ਜਸਪ੍ਰੀਤ ਕੌਰ, ਕਮਲ ਸ਼ਰਮਾ, ਦਵਿੰਦਰ ਕੌਰ ਢਿੱਲੋਂ, ਹਰਮਨਜੀਤ ਸਿੰਘ, ਗੁਰਜਿੰਦਰ ਸਿੰਘ ਅਤੇ ਪਰਮਜੀਤ ਪੰਮੀ ਮਨੌਲੀ ਸਮੇਤ ਗੀਤ ਨਾਲ ਜੁੜੀ ਟੀਮ ਹਾਜ਼ਰ ਸੀ।

## ਸਟੇਜੀ ਕਵਿਤਾ ਦਾ ਬਲਵਾਨ ਪੇਸ਼ਕਾਰ ਸ. ਵਿਧਾਤਾ ਸਿੰਘ ਤੀਰ


ਵਰਲਡ ਪੰਜਾਬੀ ਟਾਈਮਜ਼
ਗੁਰਭਜਨ ਗਿੱਲ

ਵਿਧਾਤਾ ਸਿੰਘ ਤੀਰ ਦਾ ਜਨਮ 15 ਅਗਸਤ 1900 ਨੂੰ ਪਿੰਡ ਘਗਰੋਟ ਜ਼ਿਲ੍ਹਾ ਰਾਵਲਪਿੰਡੀ (ਹੁਣ ਪਾਕਿਸਤਾਨ)ਵਿਚ ਆਪਣੇ ਨਾਨਕੇ ਘਰ ਹੋਇਆ ।ਉਨ੍ਹਾਂ ਦੇ ਪਿਤਾ ਜੀ ਦਾ ਨਾਂ ਸਰਦਾਰ ਹੀਰਾ ਸਿੰਘ ਪੁੰਜ ਸੀ । ਦੇਸ਼ ਭਗਤ ਕਵੀ ਅਤੇ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਬਾਨੀ ਗਿਆਨੀ ਹੀਰਾ ਸਿੰਘ ਦਰਦ ਆਪਦੇ ਮਾਮਾ ਜੀ ਸਨ ।ਉਨ੍ਹਾਂ ਨੇ ਮੁਢਲੀ ਸਿਖਿਆ ਆਪਣੇ ਮਾਮਾ ਜੀ ਕੋਲੋਂ ਹੀ ਪ੍ਰਾਪਤ ਕੀਤੀ ।ਉਨ੍ਹਾਂ ਦੀ ਕਵਿਤਾ ਦੇ ਵਿਸ਼ੇ ਦੇਸ਼ ਪਿਆਰ, ਧਾਰਮਿਕ ਅਤੇ ਸਮਾਜਿਕ ਵਧੇਰੇ ਹਨ । ਉਨ੍ਹਾਂ ਦੀਆਂ ਪ੍ਰਮੁੱਖ ਕਾਵਿਕ ਰਚਨਾਵਾਂ ਅਣਿਆਲੇ ਤੀਰ, ਨਵੇਂ ਨਿਸ਼ਾਨੇ, ਕਾਲ ਕੂਕਾਂ, ਮਿੱਠੇ ਮੇਵੇ, ਗੂੰਗੇ ਗੀਤ, ਦਸ਼ਮੇਸ਼ ਦਰਸ਼ਨ ਅਤੇ ਰੂਪ ਰਾਣੀ ਸ਼ਕੁੰਤਲਾ ਆਦਿ ਸਨ। ਆਪ 4ਜਨਵਰੀ 1973 ਨੂੰ ਅੰਮ੍ਰਿਤਸਰ ਵਿਖੇ ਇਸ ਸੰਸਾਰ ਨੂੰ ਅਲਵਿਦਾ ਕਹਿ ਗਏ।

ਕਰਤਾਰ ਸਿੰਘ ਬਲੱਗਣ ਜੀ ਨਾਲ ਰਲ ਕੇ ਆਪ ਚੌਂਕ ਹੁਸੈਨਪੁਰ ਅੰਮ੍ਰਿਤਸਰ ਤੋਂ ਮਾਸਿਕ ਪੱਤਰ ਕਵਿਤਾ ਦਾ ਸੰਪਾਦਨ ਵੀ ਕਰਦੇ ਰਹੇ।

ਸ਼ਿਵ ਕੁਮਾਰ, ਜਗਤਾਰ, ਸ ਸ ਮੀਸ਼ਾ, ਰਣਧੀਰ ਸਿੰਘ ਚੰਦ ਤੇ ਬਾਬੂ ਸਿੰਘ ਮਾਨ ਵਰਗੇ ਲੇਖਕ ਤੇ ਗੀਤਕਾਰ ਪਹਿਲੀ ਵਾਰ ਕਵਿਤਾ ਵਿੱਚ ਹੀ ਛਪੇ। ਮੰਚ ਆਧਾਰਿਤ ਕਵਿਤਾ ਲਹਿਰ ਦੇ ਉਹ ਬੁਲੰਦ ਹਸਤਾਖਰ ਸਨ। ਫੀਰੋਜ਼ਦੀਨ ਸ਼ਰਫ਼, ਉਸਤਾਦ ਹਮਦਮ, ਇਸ਼ਕ ਲਹਿਰ,ਧਨੀ ਰਾਮ ਚਾਤ੍ਰਿਕ, ਬਰਕਤ ਰਾਮ ਯੁਮਨ, ਉਸਤਾਦ ਦਾਮਨ,ਨੰਦ ਲਾਲ ਨੂਰਪੁਰੀ, ਗੁਰਦੇਵ ਸਿੰਘ ਮਾਨ ਗੁਰਦਿੱਤ ਸਿੰਘ ਕੁੰਦਨ, ਗੁਰਦੇਵ ਸਿੰਘ ਮਾਨ, ਹਰਸਾ ਸਿੰਘ ਚਾਤਰ, ਦੀਵਾਨ ਸਿੰਘ ਮਹਿਰਮ, ਗਿਆਨੀ ਰਾਮ ਨਾਰਾਇਣ ਸਿੰਘ ਦਰਦੀ, ਸੁੰਦਰ ਦਾਸ ਆਸੀ ਤੇ ਹੋਰ ਵੱਡੇ ਕਵੀਆਂ ਨਾਲ ਆਪ ਨੇ ਹਜ਼ਾਰਾਂ ਕਵੀ ਦਰਬਾਰ ਦੇਸ਼ ਵੰਡ ਤੋਂ ਪਹਿਲਾਂ ਤੇ ਮਗਰੋਂ ਪੜ੍ਹੇ। ਉਨ੍ਹਾਂ ਦੀਆਂ ਧਾਰਮਿਕ ਰਚਨਾਵਾਂ ਹੁਣ ਵੀ ਰੌਂਗਟੇ ਖੜ੍ਹੇ ਕਰਦੀਆਂ ਹਨ।

ਗੁਰੂ ਅਮਰ ਦਾਸ ਪਾਤਿਸ਼ਾਹ ਦੀ ਸੇਵਾ ਬਾਰੇ ਅੱਜ ਉਨ੍ਹਾਂ ਦੀ ਇਹ ਕਵਿਤਾ ਤੁਹਾਡੇ ਸਨਮੁਖ ਪੜ੍ਹਨ ਹਿਤ ਹਾਜ਼ਰ ਹੈ।



ਸੇਵਕ ਦੀ ਸੇਵਾ - ਵਿਧਾਤਾ ਸਿੰਘ ਤੀਰ

ਪਾਣੀ ਢੋਣ ਦੀ ਸਤਿਗੁਰਾਂ ਕਾਰ ਸੌਂਪੀ,
ਸਿਦਕ ਨਾਲ ਢੋਵੇ ਅਮਰ ਦਾਸ ਪਾਣੀ।
ਪਾਣੀ-ਪ੍ਰੇਮ ਵਗਦਾ ਨੈਣਾਂ ਵਿਚ ਤੱਕ ਕੇ,
ਅਮਰ ਦਾਸ ਨੂੰ ਦਏ ਬਿਆਸ ਪਾਣੀ।
ਪਦਵੀ ਏਸ ਪਾਣੀ ਗੁਰੂ ਆਪਣੇ ਦੀ,
ਲਿਖੇ ਇਸ ਤਰ੍ਹਾਂ ਰੋਜ਼ ਇਤਿਹਾਸ ਪਾਣੀ।
ਵੇਖੋ ! ਸਿਦਕ ਤੇ ਪ੍ਰੇਮ ਦੀ ਛੂਹ ਲੈ ਕੇ,
ਕਿਵੇਂ ਬਣ ਗਿਆ ਪ੍ਰੇਮ ਦੀ ਰਾਸ ਪਾਣੀ।

ਅਮਰ ਦਾਸ ਜੱਗ ’ਤੇ ਅਮਰ ਹੋਣ ਖ਼ਾਤਰ,
ਪਾਣੀ ਭਰਨ ਲਗਾ, ਪਾਣੀ ਢੋਣ ਲੱਗਾ।
ਚਰਨ ਧੋ ਧੋ ਆਪਣੇ ਸਤਿਗੁਰਾਂ ਦੇ,
ਦਾਗ਼ ਆਪਣੇ ਰਿਦੇ ਦੇ ਧੋਣ ਲੱਗਾ।
ਅੰਗਦ ਸਤਿਗੁਰੂ ਦੀ ਜਿਹੜੀ ਪ੍ਰੇਮ-ਮਾਲਾ,
ਰੂਹ ਨੂੰ ਓਸਦੇ ਵਿੱਚ ਪਰੋਣ ਲੱਗਾ।
ਪ੍ਰੇਮ ਵਿੱਚ ਅੰਗਦ ਨਾਨਕ ਰੂਪ ਹੋਇਆ,
ਅੰਗਦ ਰੂਪ ਤੀਜਾ ਅਮਰ ਹੋਣ ਲੱਗਾ।

ਗਾਗਰ ਸੀਸ ਤੇ ਪ੍ਰੇਮ ਵਿੱਚ ਲੀਨ ਹੋਇਆ,
ਵਗਣ ਨੈਣ ਪਾਣੀ ਲੈਣ ਧਾਈ ਜਾਂਦਾ।
ਟੁਰੇ ਪਿੱਠ ਪਰਨੇ ਗੁਰੂ ਮੁੱਖ ਧਰ ਕੇ,
ਗੁਰੂ ਰੂਪ ਹੋਇਆ, ਗੁਰੂ ਗਾਈ ਜਾਂਦਾ।
ਏਧਰ ਗੁਰੂ ਨੂੰ ਸਿੱਖ ਧਿਆਏ ਪਿਆ,
ਉਧਰ ਸਿੱਖ ਨੂੰ ਗੁਰੂ ਧਿਆਈ ਜਾਂਦਾ।
ਦੋਹਾਂ ਦਿਲਾਂ ਅੰਦਰ ਸਦਾ ਰਹਿਣ ਵਾਲੀ,
ਰੱਬੀ ਜੋਤ ਪ੍ਰੇਮ ਜਗਾਈ ਜਾਂਦਾ।

ਪਾਣੀ ਲੈ ਕੇ ਪਰਤਿਆ ਗੁਰੂ-ਭੌਰਾ,
ਕਾਲੀ ਰਾਤ ਅਨ੍ਹੇਰ ਗੁਬਾਰ ਦੀ ਹੈ।
ਰਾਹੋਂ ਖੁੰਝਿਆ ਤੇ ਖੱਡੀ ਵਿੱਚ ਢੱਠਾ,
ਮੂੰਹ ਤੋਂ ਨਿਕਲੀ ਸਦ ਕਰਤਾਰ ਦੀ ਹੈ।
ਖੜਕ ਸੁਣ ਜੁਲਾਹੇ ਜਾਂ ਪੁੱਛ ਕੀਤੀ,
‘ਬੋਲੀ’ ਇਉਂ ਜੁਲਾਹੀ ਚਾ ਮਾਰਦੀ ਹੈ।
ਡਿੱਗੀ ‘ਅਮਰੂ ਨਿਥਾਵੇਂ’ ਦੀ ਦੇਹ ਬੁੱਢੀ,
ਸੁੱਧ ਬੁੱਧ ਨਾ ਜਿਨੂੰ ਪਰਵਾਰ ਦੀ ਹੈ।

ਸੂਰਜ ਚੜ੍ਹਦਿਆਂ ਈ ਜਾਗੀ ਕੁੱਲ ਦੁਨੀਆਂ,
ਅਮਰ ਦਾਸ ਦੇ ਵੀ ਜਾਗੇ ਭਾਗ ਵੇਖੋ।
ਸੱਚੇ ਪਾਤਸ਼ਾਹ ਨੇ ਕੋਲ ਸੱਦ ਲੀਤਾ,
ਲਾਈ ਆਪਣੀ ਜੋਤ ਦੀ ਜਾਗ ਵੇਖੋ।
ਗੱਦੀ ਆਪਣੀ ਉੱਤੇ ਬਿਠਾਲ ਦਿੱਤਾ,
ਅਮਰਦਾਸ ਦੇ ਈ ਗਾਵੇ ਰਾਗ ਵੇਖੋ।
ਪੀ ਪੀ ਪ੍ਰੇਮ ਦਾ ਨਿਤਰਿਆ ਸ਼ੁੱਧ ਪਾਣੀ,
ਹੋਰ ਖਿੜ ਪਿਆ ਨਾਨਕੀ ਬਾਗ਼ ਵੇਖੋ।

ਮੱਥਾ ਟੇਕ ਕੇ ਆਖਦੇ ਗੁਰੂ ਅੰਗਦ,
ਅਮਰ ਦੇਵ ਹੈ ਮਾਣ ਨਿਮਾਣਿਆਂ ਦਾ।
ਇਹੋ ਓਟ ਹੈ ਇੱਕ ਨਿਓਟਿਆਂ ਦੀ,
ਸੱਚਾ ਤਾਣ ਹੈ ਇਹੋ ਨਿਤਾਣਿਆਂ ਦਾ।
ਸਾਰੇ ਜੱਗ ਦਾ ਇਹ ਪ੍ਰੇਮ-ਆਸਰਾ ਹੈ,
ਜਾਣੇ ਭੇਦ ਕੀ ਦਿਲ ਅੰਜਾਣਿਆਂ ਦਾ।
‘ਤੀਰ’ ਗੁਰੂ ਈ ਜਗ ’ਤੇ ਜਾਣਦਾ ਏ,
ਭੇਦ ਆਪਣੇ ਚੋਜਾਂ ਤੇ ਭਾਣਿਆਂ ਦਾ।

## ਨਗਰ ਕੌਂਸਲ ਸਮਾਣਾ ਵੱਲੋਂ ‘ਸਵੱਛਤਾ ਹੀ ਸੇਵਾ’ ਮੁਹਿੰਮ ਤਹਿਤ ਲੋਕਾਂ ਨੂੰ ਸਫ਼ਾਈ ਪ੍ਰਤੀ ਜਾਗਰੂਕ ਕੀਤਾ

ਵਰਲਡ ਪੰਜਾਬੀ ਟਾਈਮਜ਼



ਸਮਾਣਾ, 26 ਸਤੰਬਰ:ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਨਗਰ ਕੌਂਸਲ ਸਮਾਣਾ ਵੱਲੋਂ 17 ਸਤੰਬਰ ਤੋਂ 17 ਅਕਤੂਬਰ ਤੱਕ ਚਲਾਈ ਜਾ ਰਹੀ ‘ਸਵੱਛਤਾ ਹੀ ਸੇਵਾ’ ਮੁਹਿੰਮ ਤਹਿਤ ਅੱਜ ਲੋਕਾਂ ਨੂੰ ਸ਼ਹਿਰ ਦੀ ਸਫ਼ਾਈ ਵਿਵਸਥਾ ਨੂੰ ਬਿਹਤਰ ਬਣਾਉਣ ਲਈ ਜਾਗਰੂਕ ਕੀਤਾ ਗਿਆ।

ਇਸ ਮੌਕੇ ਨਗਰ ਕੌਂਸਲ ਸਮਾਣਾ ਦੇ ਪ੍ਰਧਾਨ ਸ੍ਰੀ ਕਪੂਰ ਚੰਦ ਬਾਂਸਲ ਅਤੇ ਕਾਰਜ ਸਾਧਕ ਅਫ਼ਸਰ ਸ੍ਰੀ ਅਪਰਾਪਾਰ ਸਿੰਘ ਵੱਲੋਂ ਸਾਂਝੇ ਤੌਰ ’ਤੇ ਲੋਕਾਂ ਨੂੰ ਅਪੀਲ ਕੀਤੀ ਗਈ ਕਿ ਉਹ ਆਪਣੇ ਘਰਾਂ ਅਤੇ ਦੁਕਾਨਾਂ ਦਾ ਕੂੜਾ ਸੜਕਾਂ ਦੇ ਆਲੇ-ਦੁਆਲੇ ਜਾਂ ਜਨਤਕ ਥਾਵਾਂ ’ਤੇ ਨਾ ਸੁੱਟਣ। ਉਨ੍ਹਾਂ ਕਿਹਾ ਕਿ ਕੂੜੇ ਨੂੰ ਸਰੋਤ ’ਤੇ ਹੀ ਗਿੱਲੇ ਅਤੇ ਸੁੱਕੇ ਕੂੜੇ ਵਿੱਚ ਵੱਖ-ਵੱਖ ਛਾਂਟ ਕੇ ਅਲੱਗ-ਅਲੱਗ ਡਸਟਬੀਨਾਂ ਵਿੱਚ ਰੱਖਿਆ ਜਾਵੇ।

ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਨਗਰ ਕੌਂਸਲ ਵੱਲੋਂ ਘਰ-ਘਰ ਕੂੜਾ ਇਕੱਠਾ ਕਰਨ ਲਈ ਆਉਣ ਵਾਲੀਆਂ ਰਿਕਸ਼ਾ ਰੇੜੀਆਂ ਜਾਂ ਟਾਟਾ ਏਸ ਵਿੱਚ ਹੀ ਕੂੜਾ ਪਾਇਆ ਜਾਵੇ, ਤਾਂ ਜੋ ਕੂੜੇ ਦਾ ਸਹੀ ਢੰਗ ਨਾਲ ਨਿਪਟਾਰਾ ਕੀਤਾ ਜਾ ਸਕੇ ਅਤੇ ਸ਼ਹਿਰ ਨੂੰ ਸਾਫ਼-ਸੁਥਰਾ, ਸੁੰਦਰ ਅਤੇ ਹਰਾ-ਭਰਾ ਬਣਾਇਆ ਜਾ ਸਕੇ।

ਨਗਰ ਕੌਂਸਲ ਅਧਿਕਾਰੀਆਂ ਨੇ ਕਿਹਾ ਕਿ ਸ਼ਹਿਰ ਦੀ ਸਫ਼ਾਈ ਨੂੰ ਬਣਾਈ ਰੱਖਣਾ ਸਿਰਫ਼ ਪ੍ਰਸ਼ਾਸਨ ਦੀ ਹੀ ਨਹੀਂ, ਸਗੋਂ ਹਰੇਕ ਨਾਗਰਿਕ ਦੀ ਸਾਂਝੀ ਜ਼ਿੰਮੇਵਾਰੀ ਹੈ। ਲੋਕਾਂ ਦੇ ਸਹਿਯੋਗ ਨਾਲ ਹੀ ਸਮਾਣਾ ਸ਼ਹਿਰ ਨੂੰ ਸਵੱਛ ਅਤੇ ਸੁੰਦਰ ਬਣਾਉਣ ਦਾ ਟੀਚਾ ਹਾਸਲ ਕੀਤਾ ਜਾ ਸਕਦਾ ਹੈ।

ਇਸ ਮੌਕੇ ਸੀ.ਐਫ. ਸ੍ਰੀ ਕਰਮਜੀਤ ਸਿੰਘ, ਐਸ.ਆਈ. ਸ੍ਰੀ ਹਰਵਿੰਦਰ ਕੁਮਾਰ ਸਮੇਤ ਨਗਰ ਕੌਂਸਲ ਦੇ ਮੋਟੀਵੇਟਰ ਵੀ ਹਾਜ਼ਰ ਸਨ।